Capital Small Finance Bank

Great Place To Work. Certified SEP 2025-SEP 2026 INDIA

CSFB.2026-27/220 **July 24, 2026**

BSE Limited
Listing Compliance
Phiroze Jeejeebhoy Towers
Dalal Street
Mumbai 400 001
Maharashtra

National Stock Exchange of India Limited
The Listing Department,
Exchange Plaza,
Bandra Kurla Complex,
Mumbai - 400 051
Maharashtra

Scrip Code: 544120

Symbol: CAPITALSFB

Sub: Intimation of Newspaper Advertisement of Un -audited Financial Results of the Bank for the period ended June 30, 2026

Respected Sir/Madam,

Pursuant to Regulations 47 and other applicable provisions of the SEBI (Listing Obligations and Disclosure Requirements) Regulations, 2015, please find attached herewith a copy of the Extract of Un - audited Financial Results for the period ended June 30, 2026 published in **'Business Standard'** English Newspaper and '**Nawan Zamana**' regional Newspaper.

The above may also be accessed on the website of the Bank at the link https://www.capital.bank.in/investors/advertisement-regulation-47?year=2026-2027

You are requested to take the above information on your record under the applicable provisions of the SEBI (Listing Obligations and Disclosure Requirements) Regulations, 2015.

Thanking you,

Yours faithfully,

For CAPITAL SMALL FINANCE BANK LIMITED

Amit Sharma

Digitally signed by Amit Sharma
DN: c=IN, o=Personal, postalCode=141010, st=Punjab, serialNumber=714e67af2c56cb3a137a0e626667dd2dc0ee0473e2d5376e0d595999604af844, cn=Amit Sharma
Date: 2026.07.24 11:47:30 +05'30'

AMIT SHARMA
COMPANY SECRETARY AND COMPLIANCE OFFICER
MEMBERSHIP NO.: F10888

Encl.: as above

India enters elite long-range air defence club

DRDO conducts maiden flight test of Kusha missile

HEMANT KUMAR ROUT
Bhubaneswar, 23 July

India took a major leap towards self-reliance in strategic air defence with the maiden flight test of the indigenously developed long-range surface-to-air missile (LRSAM) Kusha from a defence test facility off the Odisha coast on Thursday.

Developed by the Defence Research and Development Organisation (DRDO), the most advanced state-of-the-art missile was test-fired from the Integrated Test Range (ITR) at APJ Abdul Kalam Island, despite inclement weather conditions.

The first trial of Kusha was carried out against an electronic target simulating a high-speed, high-altitude aerial threat. The successful test placed India among a select group of nations capable of developing advanced long-range air defence systems indigenously and strengthening the country's multi-layered missile shield.

According to the Ministry of Defence (MoD), the missile accurately tracked and destroyed the target, validating the performance of the complete weapon system, including its radar, command-and-control network and guidance mechanisms. The missile has been designed and developed to neutralise a broad spectrum of aerial threats.

"The Kusha missile system is capable of neutralising a wide variety of aerial threats including fighter jets, missiles, unmanned aerial vehicles and large enemy aircraft within a wide range and altitude envelope. All weapon system elements, including the missiles, radars, command and control centre, have been developed by various DRDO laboratories and industry partners," the MoD said in a statement.

The Kusha missile has been designed to neutralise a broad spectrum of aerial threats

Defence Minister Rajnath Singh described the successful maiden flight as a landmark achievement in India's defence research and development (R&D) programme. He said the development demonstrates India's capability to build a sophisticated long-range surface-to-air missile system, a technology possessed by only a handful of countries.

The indigenous system, he said, will substantially reduce India's dependence on imported air defence platforms while providing a major boost to the nation's overall air defence preparedness.

Defence Secretary and Secretary of Department of Defence R&D and DRDO Chairman Rajesh Kumar Singh monitored the trial.

He congratulated the scientists, engineers, and industry partners associated with the weapon system for the successful test.

Qcom now a quick hack for personal care

The beauty and personal care (BPC) segment is growing quickly — more so in the quick commerce (qcom) space. The first edition of Brand Index report by strategy consultant firm Redseer revealed the annualised sales of the category at Blinkit, Zepto, and Swiggy Instamart are now approaching the $1 billion mark with a year-on-year growth of 90 per cent. The leading categories include oral care, bath and body, and skincare. An evaluation of over 1,500 BPC brands shows that legacy brands still dominate two-thirds of the spends on qcom. The top 10 brands account for 25 per cent of category gross merchandise value, while the next 65 brands contribute another 50 per cent. Premiumisation has emerged as another push for qcom with premium and masstige (relatively inexpensive premium itmes) products accounting for 59 per cent of BPC spending on qcom.

ANUSHKA BHARDWAJ

Personal care market overview



Note: BPC: Beauty & personal care

Oral care shines

Qcom GMV as % of overall online GMV



Note: GMV is gross merchandise value

Legacy leads



Source: Redseer Brand Index

ਸ਼ੁੱਕਰਵਾਰ, 24 ਜੁਲਾਈ, 2026
9 ਸਾਉਣ { ਨਾਨਕਸ਼ਾਹੀ 558 / ਬਿਕਰਮੀ 2083 }
ਜਿਲਦ/VOL. : 75
ਅੰਕ/NO. : 53

ਰੋਜ਼ਾਨਾ
ਨਵਾਂ ਜ਼ਮਾਨਾ

DAILY NAWAN ZAMANA • FRIDAY, 24 JULY, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

ਫਾਸਟ ਟਰੈਕ ਅਦਾਲਤਾਂ ਦਾ ਗਠਨ
ਸਿੱਖਿਆ ਮੰਤਰੀ ਨੂੰ ਬਚਾਉਣ ਦੀ ਕੋਸ਼ਿਸ਼

ਨਵੀਂ ਦਿੱਲੀ (ਨਵਾਂ ਜ਼ਮਾਨਾ ਸਰਵਿਸ)

ਪ੍ਰਧਾਨ ਮੰਤਰੀ ਨੇ ਚੁੱਪੀ ਤੋੜਦਿਆਂ ਵੀਰਵਾਰ ਐਲਾਨ ਕੀਤਾ ਕਿ ਪੇਪਰ ਲੀਕ ਦੇ ਸਾਰੇ ਮਾਮਲਿਆਂ ਵਿੱਚ ਦੋਸ਼ੀਆਂ ਨੂੰ ਜਲਦੀ ਤੋਂ ਜਲਦੀ ਅਤੇ ਸਖਤ ਤੋਂ ਸਖਤ ਸਜ਼ਾ ਯਕੀਨੀ ਬਣਾਉਣ ਲਈ ਫਾਸਟ ਟਰੈਕ ਕੋਰਟਾਂ ਦਾ ਗਠਨ ਕੀਤਾ ਜਾਵੇਗਾ। ਇਸ ਸੰਬੰਧ ਵਿੱਚ ਸੰਬੰਧਤ ਅਧਿਕਾਰੀਆਂ ਅਤੇ ਵਿਭਾਗਾਂ ਨੂੰ ਲੋੜੀਂਦੇ ਕਦਮ ਚੁੱਕਣ ਦੇ ਸਖਤ ਨਿਰਦੇਸ਼ ਦੇ ਦਿੱਤੇ ਗਏ ਹਨ।

ਕਾਕਰੋਚ ਜਨਤਾ ਪਾਰਟੀ ਦੇ ਬਾਨੀ ਅਭਿਜੀਤ ਦੀਪਕੇ ਨੇ 'ਐੱਕਸ' 'ਤੇ ਸਿੱਖਿਆ ਮੰਤਰੀ ਦੀ ਫੋਟੋ ਪੋਸਟ ਕਰਕੇ ਪ੍ਰਧਾਨ ਮੰਤਰੀ ਦੀ ਪੋਸਟ 'ਤੇ ਚੁਟਕੀ ਲੈਂਦਿਆਂ ਕਿਹਾ, 'ਪ੍ਰਧਾਨ ਮੰਤਰੀ ਨੂੰ ਨੋਟਿਸ ਲੈਣ, ਟਵੀਟ ਕਰਨ ਵਿੱਚ 34 ਦਿਨ ਲੱਗ ਗਏ; ਇਹ ਸ਼ਰਮਨਾਕ ਹੈ ਕਿ ਸਰਕਾਰ ਅਜੇ ਵੀ ਧਰਮਿੰਦਰ ਪ੍ਰਧਾਨ ਨੂੰ ਬਚਾ ਰਹੀ ਹੈ।'

ਰਾਹੁਲ ਗਾਂਧੀ ਨੇ ਕਿਹਾ ਕਿ ਇਹ ਪ੍ਰਧਾਨ ਮੰਤਰੀ ਹੀ ਸਨ, ਜਿਨ੍ਹਾ ਨੇ ਦੇਸ਼ ਦੇ ਨੌਜਵਾਨਾਂ ਦੇ ਭਵਿੱਖ ਨੂੰ ਸਭ ਤੋਂ ਵੱਧ ਨੁਕਸਾਨ ਪਹੁੰਚਾਇਆ ਹੈ। ਉਨ੍ਹਾ ਕਿਹਾ, "ਤੁਸੀਂ ਉਹ ਵਿਅਕਤੀ ਹੋ, ਜਿਸ ਨੇ ਸਾਡੇ ਨੌਜਵਾਨਾਂ ਦੇ ਭਵਿੱਖ ਨੂੰ ਸਭ ਤੋਂ ਵੱਧ ਨੁਕਸਾਨ ਪਹੁੰਚਾਇਆ ਹੈ। ਤੁਸੀਂ ਸਾਡੀ ਸਿੱਖਿਆ ਪ੍ਰਣਾਲੀ ਦੇ ਪੂਰੇ ਕਬਜ਼ੇ ਅਤੇ ਤਬਾਹੀ ਦੀ ਆਗਿਆ ਦਿੱਤੀ ਅਤੇ ਇਸ ਨੂੰ ਉਤਸ਼ਾਹਤ ਕੀਤਾ ਅਤੇ ਇਸ ਲਈ ਜ਼ਿੰਮੇਵਾਰ ਹਰ ਵਿਅਕਤੀ ਦੀ ਰੱਖਿਆ ਕੀਤੀ।"

ਉਨ੍ਹਾ ਕਾਂਗਰਸ ਦੀਆਂ ਮੰਗਾਂ ਨੂੰ ਦੁਹਰਾਇਆ ਕਿ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੂੰ ਹਟਾਇਆ ਜਾਵੇ, ਸਰਕਾਰ ਵਿਦਿਆਰਥੀਆਂ ਤੋਂ ਮੁਆਫੀ ਮੰਗੇ ਅਤੇ ਪ੍ਰਦਰਸ਼ਨਕਾਰੀ ਵਿਦਿਆਰਥੀਆਂ ਉੱਤੇ ਹਮਲਾ ਕਰਨ ਵਾਲਿਆਂ ਵਿਰੁੱਧ ਕਾਰਵਾਈ ਕੀਤੀ ਜਾਵੇ।

ਕਾਂਗਰਸ ਦੇ ਜਨਰਲ • ਬਾਕੀ ਸਫਾ 2 'ਤੇ

ਦੇਰ ਕਰ ਦੇਤਾ ਹੂੰ ਮੈਂ...

ਕਾਂਗਰਸ ਸਾਂਸਦ ਸ਼ਸ਼ੀ ਥਰੂਰ ਨੇ ਫਾਸਟ-ਟਰੈਕ ਅਦਾਲਤਾਂ ਦੇ ਦੇਰੀ ਨਾਲ ਐਲਾਨ 'ਤੇ ਮੁਨੀਰ ਨਿਆਜ਼ੀ ਦੇ ਸ਼ੇਅਰ ਨਾਲ ਪ੍ਰਧਾਨ ਮੰਤਰੀ ਮੋਦੀ ਨੂੰ ਨਿਸ਼ਾਨਾ ਬਣਾਇਆ। ਨਿਆਜ਼ੀ ਦਾ ਸ਼ੇਅਰ ਹੈ : ਹਮੇਸ਼ਾ ਦੇਰ ਕਰ ਦੇਤਾ ਹੂੰ ਮੈਂ ਹਰ ਕਾਮ ਕਰਨੇ ਮੇਂ। ਜ਼ਰੂਰੀ ਬਾਤ ਕਹਨੀ ਹੋ, ਕੋਈ ਵਾਅਦਾ ਨਿਭਾਨਾ ਹੋ, ਉਸੇ ਆਵਾਜ਼ ਦੇਨੀ ਹੋ, ਉਸੇ ਵਾਪਸ ਬੁਲਾਨਾ ਹੋ, ਹਮੇਸ਼ਾ ਦੇਰ ਕਰ ਦੇਤਾ ਹੂੰ ਮੈਂ।

ਹਾਈ ਕੋਰਟ ਵਿਦੇਸ਼ੀ ਐਂਗਲ ਵਾਲੀ ਪਟੀਸ਼ਨ 'ਤੇ ਸੁਣਵਾਈ ਲਈ ਰਾਜ਼ੀ

ਨਵੀਂ ਦਿੱਲੀ (ਨ ਜ਼ ਸ) : ਦਿੱਲੀ ਹਾਈ ਕੋਰਟ ਨੇ ਵੀਰਵਾਰ ਨੀਟ ਪੇਪਰ ਲੀਕ ਨੂੰ ਲੈ ਕੇ 20 ਜੁਲਾਈ ਦੇ 'ਸੰਸਦ ਚਲੋ' ਪ੍ਰਦਰਸ਼ਨ ਦੀ ਕੌਮੀ ਜਾਂਚ ਏਜੰਸੀ (ਐੱਨ ਆਈ ਏ) ਤੋਂ ਜਾਂਚ ਦੀ ਮੰਗ ਕਰਨ ਵਾਲੀ ਇੱਕ ਜਨਹਿਤ ਪਟੀਸ਼ਨ 'ਤੇ ਸ਼ੁੱਕਰਵਾਰ ਨੂੰ ਸੁਣਵਾਈ ਕਰਨ ਲਈ ਸਹਿਮਤੀ ਦੇ ਦਿੱਤੀ ਹੈ, ਜਿਸ ਵਿੱਚ ਪਟੀਸ਼ਨਰ ਨੇ ਦੋਸ਼ ਲਾਇਆ ਹੈ ਕਿ ਇਹ ਪ੍ਰਦਰਸ਼ਨ ਵਿਦੇਸ਼ੀ ਫੰਡ ਪ੍ਰਾਪਤ ਸੰਸਥਾਵਾਂ ਨਾਲ ਜੁੜੀ ਇੱਕ ਵੱਡੀ ਸਾਜ਼ਿਸ਼ ਦਾ ਹਿੱਸਾ ਸੀ। ਇਸ ਪਟੀਸ਼ਨ ਨੂੰ ਚੀਫ ਜਸਟਿਸ ਡੀ ਕੇ ਉਪਾਧਿਆਏ ਅਤੇ ਜਸਟਿਸ ਤੇਜਸ ਕਾਰੀਆ ਦੀ ਡਵੀਜ਼ਨ ਬੈਂਚ ਦੇ ਸਾਹਮਣੇ ਵਕੀਲ ਬਰੁਣ ਕੁਮਾਰ ਸਿਨਹਾ ਵੱਲੋਂ ਪੇਸ਼ ਕੀਤਾ ਗਿਆ, ਇਹ ਦਾਅਵਾ ਕਰਦਿਆਂ ਕਿ ਪ੍ਰਦਰਸ਼ਨ ਨੇ ਰਾਜਧਾਨੀ ਵਿੱਚ ਆਮ ਜੀਵਨ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ ਹੈ। ਇਹ ਪਟੀਸ਼ਨ ਅਖਿਲ ਭਾਰਤ ਹਿੰਦੂ ਮਹਾਸਭਾ ਦੇ ਸਾਬਕਾ ਉਪ-ਪ੍ਰਧਾਨ ਸਤੀਸ਼ ਕੁਮਾਰ ਅਗਰਵਾਲ ਵੱਲੋਂ ਦਾਖਲ ਕੀਤੀ ਗਈ ਹੈ। ਪਟੀਸ਼ਨ ਵਿੱਚ ਮੰਗ ਕੀਤੀ ਗਈ ਹੈ ਕਿ ਸਮਾਜਿਕ ਕਾਰਕੁੰਨ ਸੋਨਮ ਵਾਂਗਚੁਕ ਦੇ ਵਿਦੇਸ਼ੀ ਸੰਸਥਾਵਾਂ ਨਾਲ ਕਥਿਤ ਸੰਬੰਧਾਂ ਬਾਰੇ ਜਨਤਕ ਤੌਰ 'ਤੇ ਉਪਲੱਬਧ ਸਮੱਗਰੀ ਦੀ ਏਜੰਸੀਆਂ ਰਾਹੀਂ ਜਾਂਚ ਕਰਵਾਈ ਜਾਣੀ ਚਾਹੀਦੀ ਹੈ। ਪ੍ਰਦਰਸ਼ਨ ਨਾਲ ਜੁੜੇ ਵਿਆਪਕ ਨੈੱਟਵਰਕ ਦੀ ਜਾਂਚ ਕਰਦੇ ਸਮੇਂ ਉਨ੍ਹਾਂ ਦੀਆਂ ਸੰਸਥਾਗਤ ਐਸੋਸੀਏਸ਼ਨਾਂ ਅਤੇ ਫੰਡਿੰਗ ਸਰੋਤਾਂ ਦੀ ਪੜਤਾਲ ਕੀਤੀ ਜਾਣੀ ਚਾਹੀਦੀ ਹੈ। ਇਹ ਦਾਅਵਾ ਕਰਦਿਆਂ ਕਿ ਇਹ ਅੰਦੋਲਨ ਕੋਈ ਅਸਲੀ ਵਿਦਿਆਰਥੀ ਅੰਦੋਲਨ ਨਹੀਂ ਸੀ, ਪਟੀਸ਼ਨਰ ਨੇ ਦੋਸ਼ ਲਾਇਆ ਕਿ ਇਹ ਵੱਡੇ ਏਜੰਡੇ ਲਈ ਜਨਤਕ ਅਸ਼ਾਂਤੀ ਦਾ ਫਾਇਦਾ ਉਠਾਉਣ ਲਈ ਭਾਰਤ-ਵਿਰੋਧੀ ਅਤੇ ਵਿਦੇਸ਼ੀ ਸਮਰਥਤ ਤੱਤਾਂ ਦੀ ਇੱਕ ਤਾਲਮੇਲ ਵਾਲੀ ਕੋਸ਼ਿਸ਼ ਜਾਪਦਾ ਹੈ।

ਪੁਲਸ ਵੈਨ ਅੱਗੇ ਡਟ ਗਈ

ਮੁੰਬਈ : ਪੇਪਰ ਲੀਕ ਨੂੰ ਲੈ ਕੇ ਕਾਕਰੋਚ ਜਨਤਾ ਪਾਰਟੀ ਦੇ ਅੰਦੋਲਨ ਦਾ ਸਮਰਥਨ ਕਰਨ ਵਾਲੀ ਮੁੰਬਈ ਦੀ ਸਲੇਟੀ ਰੰਗ ਦੀ ਹੂਡੀ ਪਾਈ ਮਾਡਲ ਗੋਆ ਅਹੀਰ ਦੀ ਤਸਵੀਰ ਕਾਫੀ ਵਾਇਰਲ ਹੋ ਰਹੀ ਹੈ, ਜਿਹੜੀ ਵੀਡੀਓ 'ਚ ਪੁਲਸ ਵੈਨ ਨੂੰ ਰੋਕਣ ਲਈ ਆਪਣੇ ਹੱਥ ਫੈਲਾ ਕੇ ਮਜ਼ਬੂਤੀ ਨਾਲ ਖੜ੍ਹੀ ਨਜ਼ਰ ਆ ਰਹੀ ਹੈ। ਅਹੀਰ ਦਾਦਰ ਦੇ ਕੋਹਿਨੂਰ ਸਕੁਏਅਰ ਤੋਂ ਸ਼ਿਵਾਜੀ ਪਾਰਕ ਵੱਲ ਪੈਦਲ ਜਾ ਰਹੀ ਸੀ, ਜਦੋਂ ਉਸ ਨੂੰ ਨਜ਼ਰਬੰਦਾਂ ਨਾਲ ਭਰੀ • ਬਾਕੀ ਸਫਾ 2 'ਤੇ

ਸਰਕਾਰ ਅਮਰੀਕੀ ਲਾਅ ਅਟਾਰਨੀ ਦੇ ਪੰਜਾਬ ਦੌਰੇ ਦਾ ਗੰਭੀਰਤਾ ਨਾਲ ਨੋਟਿਸ ਲਵੇ : ਸੀ ਪੀ ਆਈ

ਚੰਡੀਗੜ੍ਹ : ਪੰਜਾਬ ਸੀ ਪੀ ਆਈ ਦੇ ਸੂਬਾ ਸਕੱਤਰ ਨਿਰਮਲ ਸਿੰਘ ਧਾਲੀਵਾਲ ਅਤੇ ਪ੍ਰਮੁੱਖ ਨੇਤਾਵਾਂ ਬੰਤ ਸਿੰਘ ਬਰਾੜ, ਹਰਦੇਵ ਸਿੰਘ ਅਰਸ਼ੀ ਅਤੇ ਜਗਰੂਪ ਸਿੰਘ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਸੀ ਪੀ ਆਈ ਪੰਜਾਬ ਸਰਕਾਰ ਅਤੇ ਹੋਰ ਸੰਬੰਧਤ ਐਡਮਨਿਸਟਰੇਟਿਵ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਉਣਾ ਚਾਹੁੰਦੀ ਹੈ ਕਿ ਇਸ ਮਹੀਨੇ ਦੇ ਪਿਛਲੇ ਕੁਝ ਦਿਨਾਂ ਵਿੱਚ ਅਮਰੀਕਾ ਤੋਂ ਪੰਜਾਬ ਵਿੱਚ ਦੌਰੇ 'ਤੇ ਆਏ ਇੱਕ ਲਾਅ ਅਟਾਰਨੀ ਜਸਪ੍ਰੀਤ ਸਿੰਘ ਵੱਖ-ਵੱਖ ਯੂਨੀਵਰਸਿਟੀਆਂ, ਜਿਵੇਂ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ 14 ਜੁਲਾਈ ਅਤੇ ਪੰਜਾਬੀ ਯੂਨੀਵਰਸਿਟੀ ਵਿਖੇ 15 ਜੁਲਾਈ ਨੂੰ ਆਯੋਜਿਤ ਕੀਤੇ ਪ੍ਰੋਗਰਾਮਾਂ ਵਿੱਚ ਮੁੱਖ ਰੂਪ ਵਿੱਚ ਸ਼ਿਰਕਤ ਕਰ ਚੁੱਕੇ ਹਨ। ਉਹਨਾ ਵੱਲੋਂ ਅੰਮ੍ਰਿਤਸਰ ਦੀ ਯੂਨੀਵਰਸਿਟੀ ਵਿਖੇ ਸਿੱਖ ਸਟੱਡੀ ਚੇਅਰ ਵੀ 2025 ਵਿੱਚ ਸਥਾਪਤ ਕੀਤੀ ਦੱਸੀ ਜਾਂਦੀ ਹੈ। ਉਹਨਾ ਵੱਲੋਂ ਤਿੰਨ ਕਰੋੜ ਰੁਪਏ ਵੀ ਯੂਨੀਵਰਸਿਟੀ ਨੂੰ ਡੋਨੇਟ ਕੀਤੇ ਗਏ ਹਨ। ਅੰਗਰੇਜ਼ੀ ਅਖ਼ਬਾਰ 'ਦਾ ਟ੍ਰਿਬਿਊਨ' ਵਿੱਚ 15 ਜੁਲਾਈ ਨੂੰ ਛਪੀ ਖਬਰ ਵਿੱਚ ਦੱਸਿਆ ਗਿਆ ਹੈ ਕਿ ਜਸਪ੍ਰੀਤ ਸਿੰਘ ਅਮਰੀਕਾ ਵਿੱਚ 18 ਸਿੱਖ ਟੈਂਪਲਜ਼ ਦੇ ਸਲਾਹਕਾਰ ਹਨ। ਇਹ ਵੀ ਦੱਸਿਆ ਗਿਆ ਹੈ • ਬਾਕੀ ਸਫਾ 2 'ਤੇ

ਬਰਬਾਦ ਕਰਨ ਦੀ ਧਮਕੀ

ਮੁੰਬਈ : ਪੁਲਸ ਵੀਰਵਾਰ ਪੁਲਸਮੈਨ ਪਵਨ ਸਾਂਗਲੇ ਨੂੰ ਮੁਅੱਤਲ ਕਰਨ ਲਈ ਮਜਬੂਰ ਹੋ ਗਈ, ਜਿਹੜਾ ਵਾਇਰਲ ਵੀਡੀਓ 'ਚ ਪ੍ਰਦਰਸ਼ਨਕਾਰੀ ਵਿਦਿਆਰਥੀਆਂ ਨੂੰ ਨਸ਼ੀਲੇ ਪਦਾਰਥ ਦੇ ਕੇਸ ਪਾ ਦੇਣ ਦੀ ਧਮਕੀ ਦਿੰਦਾ ਦਿਖਾਈ ਦੇ ਰਿਹਾ ਹੈ। ਵਾਇਰਲ ਕਲਿੱਪ ਵਿੱਚ ਪੁਲਸ ਡਰਾਈਵਰ ਸਾਂਗਲੇ ਹਿਰਾਸਤ ਵਿੱਚ ਲਏ ਵਿਦਿਆਰਥੀਆਂ ਨੂੰ ਇਹ ਕਹਿੰਦਾ ਦਿਖਾਈ ਦੇ ਰਿਹਾ ਹੈ, "ਜੇ ਤੁਹਾਨੂੰ ਦੁਬਾਰਾ ਇੱਥੇ ਦੇਖਿਆ ਤਾਂ ਮੈਂ ਤੁਹਾਡੀਆਂ ਜ਼ਿੰਦਗੀਆਂ ਬਰਬਾਦ ਕਰ ਦਿਆਂਗਾ। ਮੈਂ ਤੁਹਾਡੇ ਬੈਗਾਂ ਵਿੱਚ 50-50 ਗ੍ਰਾਮ ਪਾਊਡਰ ਪਾ ਦਿਆਂਗਾ ਅਤੇ ਤੁਹਾਡੀ ਜ਼ਿੰਦਗੀ ਖਤਮ ਹੋ ਜਾਵੇਗੀ।"

ਡਿਜੀਟਾਈਜ਼ਡ ਜਨਮ ਸਰਟੀਫਿਕੇਟ ਅਪਡੇਟ ਕਰਨ ਦਾ ਸਮਾਂ ਵਧਾਇਆ

ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)-ਪੰਜਾਬ ਸਰਕਾਰ ਨੇ ਵਿਦਿਆਰਥੀਆਂ ਨੂੰ ਵੱਡੀ ਰਾਹਤ ਦਿੰਦਿਆਂ ਅਕਾਦਮਿਕ ਸੈਸ਼ਨ 2026-27 ਲਈ ਯੂਨੀਫਾਈਡ ਸਟੂਡੈਂਟ ਰਜਿਸਟ੍ਰੇਸ਼ਨ ਪੋਰਟਲ 'ਤੇ ਡਿਜੀਟਾਈਜ਼ਡ ਜਨਮ ਸਰਟੀਫਿਕੇਟ ਅਪਡੇਟ ਕਰਨ ਦੇ ਸਮੇਂ ਵਿੱਚ ਵਾਧੇ ਨੂੰ ਮਨਜ਼ੂਰੀ ਦੇ ਦਿੱਤੀ ਹੈ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ 8ਵੀਂ ਜਮਾਤ ਦੇ ਵਿਦਿਆਰਥੀਆਂ, ਜਿਨ੍ਹਾਂ ਕੋਲ ਡਿਜੀਟਾਈਜ਼ਡ ਜਨਮ ਸਰਟੀਫਿਕੇਟ ਨਹੀਂ, ਨੂੰ ਦਸਤਾਵੇਜ਼ ਪ੍ਰਾਪਤ ਕਰਨ ਅਤੇ ਇਸ ਨੂੰ ਪੋਰਟਲ 'ਤੇ ਅਪਡੇਟ ਕਰਨ ਲਈ 30 ਅਕਤੂਬਰ, 2026 ਤੱਕ ਦਾ ਸਮਾਂ ਦਿੱਤਾ ਗਿਆ ਹੈ। ਇਸੇ ਤਰ੍ਹਾਂ 9ਵੀਂ ਅਤੇ 10ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਰਜਿਸਟ੍ਰੇਸ਼ਨ ਪ੍ਰਕਿਰਿਆ ਦੌਰਾਨ ਲੋੜੀਂਦੇ ਸੁਧਾਰ ਅਤੇ ਇਸ ਨੂੰ ਅਪਡੇਟ ਕਰਨ ਲਈ ਅਗਲੇ ਅਕਾਦਮਿਕ ਸੈਸ਼ਨ ਤੱਕ ਦਾ ਸਮਾਂ ਦਿੱਤਾ ਗਿਆ ਹੈ। ਬੈਂਸ ਨੇ ਕਿਹਾ ਕਿ ਇਹ ਫੈਸਲਾ ਮੁੱਖ ਮੰਤਰੀ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੀ ਸਕੂਲ ਸਿੱਖਿਆ ਵਿੱਚ ਡਿਜੀਟਲ ਸੁਧਾਰ ਲਿਆਉਣ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ, ਜਿਸ ਸਦਕਾ ਕਿਸੇ ਵੀ ਵਿਦਿਆਰਥੀ ਨੂੰ ਦਫਤਰੀ ਕਾਰਵਾਈ ਕਾਰਨ ਕਿਸੇ ਵੀ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਸਿੱਖਿਆ ਮੰਤਰੀ ਨੇ ਸਾਰੇ ਸਕੂਲ ਮੁਖੀਆਂ ਨੂੰ ਮਾਪਿਆਂ ਨਾਲ ਤਾਲਮੇਲ ਕਰਨ ਤੋਂ ਇਲਾਵਾ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਰਜਿਸਟ੍ਰੇਸ਼ਨ ਪ੍ਰਕਿਰਿਆ ਨਿਰਧਾਰਤ ਸਮਾਂ-ਸੀਮਾ ਦੇ ਅੰਦਰ ਸੁਚਾਰੂ ਢੰਗ ਨਾਲ ਮੁਕੰਮਲ ਕੀਤੀ ਜਾਵੇ।

ਮਖੌਲ ਉਡਾਉਣ ਵਾਲੀ

ਨਵੀਂ ਦਿੱਲੀ : ਰੈਪਿਡ ਐਕਸ਼ਨ ਫੋਰਸ ਦੀ ਅਸਿਸਟੈਂਟ ਕਮਾਂਡੈਂਟ ਸੋਨੀਆ ਸਹਿਰਾਵਤ ਦੀ ਕਾਕਰੋਚ ਜਨਤਾ ਪਾਰਟੀ ਦੇ ਪ੍ਰਦਰਸ਼ਨਕਾਰੀਆਂ ਦਾ ਮਜ਼ਾਕ ਉਡਾਉਂਦੀ ਇੰਸਟਾਗ੍ਰਾਮ ਪੋਸਟ ਨੇ ਵਿਵਾਦ ਛੇੜ ਦਿੱਤਾ ਹੈ। ਉਸ ਨੇ ਇੱਕ ਇੰਸਟਾਗ੍ਰਾਮ ਸਟੋਰੀ ਸਾਂਝੀ ਕੀਤੀ, ਜਿਸ ਵਿੱਚ ਇੱਕ ਮਰੇ ਹੋਏ ਕਾਕਰੋਚ ਦੀ ਤਸਵੀਰ ਸੀ, ਜਿਸ ਦੀ ਕੈਪਸ਼ਨ ਵਿੱਚ ਲਿਖਿਆ ਸੀ : "ਆਪਣੇ ਆਪ ਨੂੰ ਠੀਕ ਨਹੀਂ ਕਰ ਸਕਦੇ ਅਤੇ ਦੇਸ਼ ਨੂੰ ਠੀਕ ਕਰਨਾ ਚਾਹੁੰਦੇ ਹਨ।"

ਪੀ ਆਰ ਟੀ ਸੀ ਮੈਨੇਜਮੈਂਟ ਵਾਜਬ ਮਸਲਿਆਂ ਨੂੰ ਲਗਾਤਾਰ ਅਣਡਿੱਠ ਕਰ ਰਹੀ : ਧਾਲੀਵਾਲ

ਪਟਿਆਲਾ (ਨ ਜ਼ ਸ)-ਵੀਰਵਾਰ ਇੱਥੇ ਪੀ ਆਰ ਟੀ ਸੀ ਵਰਕਰਜ਼ ਐਕਸ਼ਨ ਕਮੇਟੀ ਦੇ ਕਨਵੀਨਰ ਨਿਰਮਲ ਸਿੰਘ ਧਾਲੀਵਾਲ ਅਤੇ ਮੈਂਬਰਾਂ ਬਲਦੇਵ ਰਾਜ ਬੱਤਾ, ਹਰਪ੍ਰੀਤ ਸਿੰਘ ਖੱਟੜਾ, ਨਸੀਬ ਚੰਦ, ਤਰਸੇਮ ਸਿੰਘ ਅਤੇ ਉੱਤਮ ਸਿੰਘ ਬਾਗੜੀ ਵੱਲੋਂ ਬਿਆਨ ਜਾਰੀ ਕਰਦਿਆਂ ਕਿਹਾ ਗਿਆ ਕਿ ਪੀ ਆਰ ਟੀ ਸੀ ਮੈਨੇਜਮੈਂਟ ਵਰਕਰਾਂ ਦੇ ਅਨੇਕਾਂ ਕਾਨੂੰਨੀ ਅਤੇ ਵਾਜਬ ਮਸਲਿਆਂ ਨੂੰ ਲਗਾਤਾਰ ਅਣਡਿੱਠ ਕਰ ਰਹੀ ਹੈ। ਚਿਰਾਂ ਤੋਂ ਲਟਕਦੀਆਂ ਵਰਕਰਾਂ ਦੀਆਂ ਤੇ ਫੌਰੀ ਲਾਗੂ ਕਰਨ ਯੋਗ ਮੰਗਾਂ ਨੂੰ ਵੀ ਗੈਰ-ਜ਼ਿੰਮੇਵਾਰਾਨਾ ਤਰੀਕੇ ਨਾਲ ਠੰਢੇ ਬਸਤੇ ਵਿੱਚ ਸੁੱਟ ਕੇ ਵਰਕਰਾਂ ਨੂੰ ਟਿੱਚ ਜਾਣਿਆ ਜਾ ਰਿਹਾ ਹੈ, ਜਿਸ ਕਰਕੇ ਸਰਕਾਰ ਦੇ ਹੁਕਮ ਸਰਕੂਲਰ ਜਾਂ ਕਾਇਦੇ-ਕਾਨੂੰਨ ਵੀ ਲਾਗੂ ਕਰਵਾਉਣ ਲਈ ਵਰਕਰਾਂ ਨੂੰ ਅਦਾਲਤਾਂ ਦੇ ਰਾਹ ਪੈਣ ਲਈ ਮਜਬੂਰ ਕੀਤਾ ਜਾਂਦਾ ਹੈ, ਜਿਸ ਨਾਲ ਵਰਕਰਾਂ ਦਾ ਜਿੱਥੇ ਵਿੱਤੀ ਨੁਕਸਾਨ ਹੁੰਦਾ ਹੈ, ਉਥੇ ਅਦਾਰੇ ਵੱਲੋਂ ਵੀ ਵਕੀਲਾਂ ਦੀਆਂ ਭਿੰਨਾਂ ਵਜ਼ਾ ਫੀਸਾਂ ਉਤਰੀਆਂ ਜਾਂਦੀਆਂ ਹਨ ਅਤੇ ਮੈਨ ਪਾਵਰ ਵੀ ਬੇਲੋੜੇ ਤੌਰ 'ਤੇ ਅਦਾਲਤਾਂ ਦੇ ਚੱਕਰ ਕੱਟਦੀ ਹੈ, ਜਦ ਕਿ ਸਰਕਾਰ ਵੱਲੋਂ ਸਪੱਸ਼ਟ ਹਦਾਇਤਾਂ ਹਨ ਕਿ ਇੱਕੋ ਜਿਹੇ ਤੱਥਾਂ ਵਾਲਾ ਕੋਈ ਵੀ ਮਸਲਾ ਜੇ ਇੱਕ ਕੇਸ ਵਿੱਚ ਵੀ ਜੇਕਰ ਲਾਗੂ ਕਰ ਲਿਆ ਗਿਆ ਹੋਵੇ ਤਾਂ ਬਾਕੀ ਸਭਨਾ ਕੇਸਾਂ ਦਾ ਫੈਸਲਾ ਵੀ ਉਸੇ ਤਰ੍ਹਾਂ ਵਿਭਾਗੀ ਤੌਰ 'ਤੇ ਕਰ • ਬਾਕੀ ਸਫਾ 2 'ਤੇ

ਅੱਜ-ਨਾਮਾ

ਮਿਹਣਾ ਕਾਂਗਰਸ ਨੂੰ ਮਾਰਿਆ ਭਾਜਪਾ ਨੇ,
ਕੱਲ੍ਹ ਸਨ ਲੜੇ, ਇਕੱਠੇ ਫਿਰ ਅੱਜ ਬੇਲੀ।
ਇੱਕ-ਦੂਜੇ 'ਤੇ ਲਾਉਂਦੇ ਸੀ ਉਸ ਬਾਹਲੀ,
ਕੀਤਾ ਸ਼ੁਰੂ ਫਿਰ ਕੱਜਣ ਵੀ ਕੱਜ ਬੇਲੀ।
ਪਹਿਲਾਂ ਰਹਿਣ ਨਹੀਂ ਸਿੱਖਦੇ ਹੱਦ ਅੰਦਰ,
ਕਾਂਗਰਸ ਵਿੱਚ ਪਿਆ ਹੁੰਦਾ ਕੁਚੱਜ ਬੇਲੀ।
ਮਿਹਣੇ ਮਾਰਦੇ ਲੀਡਰ ਹਨ ਭਾਜਪਾਈਏ,
ਕਾਂਗਰਸ ਵਿੱਚੋਂ ਜੋ ਗਏ ਸਨ ਭੱਜ ਬੇਲੀ।
ਜਿਹੜੇ ਛੱਡ ਖੁਦ ਗਏ ਸਨ ਕਾਂਗਰਸ ਨੂੰ,
ਕਰਨ ਕਾਂਗਰਸ ਦਾ ਬਹੁਤ ਜ਼ਿਕਰ ਬੇਲੀ।
ਜਿੱਥੇ ਗਏ ਆ, ਓਥੇ ਉਹ ਰਹਿਣ ਰਾਜ਼ੀ,
ਕਾਹਦਾ ਪੇਕਿਆਂ ਦਾ ਫੋਕਾ ਫਿਕਰ ਬੇਲੀ।

-ਤੀਸ ਮਾਰ ਖਾਂ

ਬਿੱਟੂ ਨੇ ਮਾਨ ਤੋਂ ਸਹਿਯੋਗ ਮੰਗਿਆ

ਨਵੀਂ ਦਿੱਲੀ : ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ ਲਿਖ ਕੇ ਪੰਜਾਬ ਭਰ ਵਿੱਚ ਕਈ ਅਹਿਮ ਰੇਲਵੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਵਿੱਚ ਦੇਰੀ ਕਰ ਰਹੇ ਸੂਬਾ ਸਰਕਾਰ ਕੋਲ ਪੈਂਡਿੰਗ ਮਾਮਲਿਆਂ ਦੇ ਹੱਲ ਨੂੰ ਤੇਜ਼ ਕਰਨ ਲਈ ਉਨ੍ਹਾਂ ਦੇ ਨਿੱਜੀ ਦਖਲ ਦੀ ਮੰਗ ਕੀਤੀ ਹੈ। ਬਿੱਟੂ ਨੇ ਇਸ ਗੱਲ ਨੂੰ ਉਜਾਗਰ ਕੀਤਾ ਕਿ ਪੰਜਾਬ ਵਿੱਚ ਰੇਲਵੇ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਕੇਂਦਰ ਦੀ ਵਚਨਬੱਧਤਾ ਦੇ ਬਾਵਜੂਦ, ਰਾਜ ਸਰਕਾਰ ਦੇ ਪੱਧਰ 'ਤੇ ਜ਼ਮੀਨ ਪ੍ਰਾਪਤੀ, ਕਾਨੂੰਨੀ ਪ੍ਰਵਾਨਗੀਆਂ ਅਤੇ ਪ੍ਰਸ਼ਾਸਨਿਕ ਮਨਜ਼ੂਰੀਆਂ ਪੈਂਡਿੰਗ ਹੋਣ ਕਾਰਨ ਕਈ ਪ੍ਰਜੈਕਟ ਰੁਕੇ ਹੋਏ ਹਨ। ਉਨ੍ਹਾਂ ਦੱਸਿਆ ਕਿ ਲੁਧਿਆਣਾ, ਫਾਜ਼ਿਲਕਾ, ਸੰਗਰੂਰ, ਮੁਹਾਲੀ, ਬਠਿੰਡਾ, ਹੁਸ਼ਿਆਰਪੁਰ, ਜਲੰਧਰ ਅਤੇ ਪਠਾਨਕੋਟ ਵਿੱਚ ਪ੍ਰੋਜੈਕਟ ਜ਼ਿਲ੍ਹਾ ਅਥਾਰਟੀਆਂ ਤੋਂ ਵਿਭਾਗਾਂ ਤੋਂ ਪ੍ਰਵਾਨਗੀਆਂ ਦੀ ਉਡੀਕ ਕਰ ਰਹੇ ਹਨ।